بِسۡمِ اللّٰہِ الرَّحۡمٰنِ الرَّحِیۡمِ　　　نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ　　　وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 06.08.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

**ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਨੇ ਫ਼ਰਮਾਇਆ ਕਿ ਤੁਹਾਡੇ ਉਪੱਰ ਮੇਰਾ ਵਿਸ਼ਵਾਸ਼ ਹੈ ਇਸ ਲਈ ਮਹਿਮਾਨਾ ਦੀ ਬਹੁਤ ਸੇਵਾ ਕਰੋ । ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇਹੋ ਵਿਸ਼ਵਾਸ ਹੈ ਜੋ ਅੱਜ ਵੀ ਕਾਇਮ ਹੈ ।**

**ਜਲਸਾ ਸਾਲਾਨਾ ਦੇ ਪੱਖੋਂ ਮੇਜ਼ਬਾਨਾ ਤੇ ਮਹਿਮਾਨਾ ਦੀਆਂ ਜ਼ਿੱਮੇਦਾਰੀਆਂ ਦਾ ਵਰਨਣ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 06 ਅਗਸਤ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشْهَدُ أَنْ لَا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ أَمَّا بعد فاعوذ بالله من الشيطٰن الرجيم۔

بِسۡمِ اللّٰہِ الرَّحۡمٰنِ الرَّحِیۡمِ ۔ اَلۡحَمۡدُ لِلّٰہِ رَبِّ الۡعٰلَمِیۡنَ ۔ الرَّحۡمٰنِ الرَّحِیۡمِ ۔ مٰلِکِ یَوۡمِ الدِّیۡنِ ۔ اِیَّاکَ نَعۡبُدُ وَاِیَّاکَ نَسۡتَعِیۡنُ ۔ اِہۡدِنَا الصِّرَاطَ الۡمُسۡتَقِیۡمَ ۔ صِرَاطَ الَّذِیۡنَ اَنۡعَمۡتَ عَلَیۡہِمۡ غَیۡرِ الۡمَغۡضُوۡبِ عَلَیۡہِمۡ وَلَا الضَّآلِّیۡنَ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਇਨਸ਼ਅਲੱਾਹ ਜਲਸਾ ਸਾਲਾਨਾ ਬਰਤਾਨੀਆਂ ਅਰੰਭ ਹੋ ਰਿਹਾ ਹੈ ਸਭ ਤੋਂ ਪਹਿਲਾਂ ਮੈਂ ਇਹ ਆਖਣਾ ਚਾਹੁੰਦਾਂ ਹਾਂ ਕਿ ਜਲਸਾ ਸਾਲਾਨਾ ਦੇ ਬਰਕਤਾਂ ਭਰਪੂਰ ਆਯੋਜਨ ਲਈ ਬਹੁਤ ਦੁਆਵਾਂ ਕਰੋ । ਭਾਗ ਲੈਂਣ ਵਾਲੇ ਨੇਕੀ ਅਤੇ ਸੰਜਮਤਾ ਵਿੱਚ ਹੋਰ ਵਧਣ । ਕੋਰੋਨਾ ਵਬਾ ਕਰਕੇ ਭਾਗ ਲੈਂਣ ਵਾਲਿਆਂ ਦੀ ਗਿਣਤੀ ਬਹੁਤ ਸੀਮਤ ਹੈ ਪਰੰਤੂ ਮੈਂ ਸੁਣਿਆ ਹੈ ਕਿ ਘਰਾਂ ਵਿੱਚ ਅਤੇ ਜਮਾਤ ਦੀ ਵਿਵਸਥਾ ਹੇਠ ਜਲਸਾ ਸੁਣਾਇਆ ਜਾ ਰਿਹਾ ਹੈ । ਬਹਿਰ ਹਾਲ ਜੋ ਜਲਸੇ ਵਿੱਚ ਭਾਗ ਲੈ ਰਹੇ ਹਨ ਉਹ ਇਸ ਸੋਚ ਨਾਲ ਸ਼ਾਮਲ ਹੋਣ ਕਿ ਉਹ ਜਲਸੇ ਦੇ ਪੰਡਾਲ ਵਿੱਚ ਹਨ ਅਤੇ ਇਸ ਸਮੇਂ ਨੂੰ ਦੁਆਵਾਂ ਵਿੱਚ ਲੰਘਾਉਂਣ । ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇਸ ਸਾਲ ਜਲਸੇ ਦੀ ਪ੍ਰਬੰਧਕੀ ਲਈ ਵੀ ਅਤੇ ਸ਼ਾਮਲ ਹੋਣ ਵਾਲਿਆਂ ਲਈ ਵੀ ਹਾਲਾਤ ਭਿੰਨ੍ਹ ਹਨ । ਕਈ ਸਹੂਲਤਾਂ ਉਪਲਭਧ ਨਹੀਂ ਹੋਣਗੀਆਂ । ਇਸ ਲਈ ਭਾਗ ਲੈਂਣ ਵਾਲੇ ਇਹਨਾ ਹਾਲਾਤਾਂ ਨੂੰ ਸੰਮੁੱਖ ਰਖਦਿਆਂ ਹੋਇਆਂ ਰਿਆਇਤ ਤੋਂ ਕੰਮ ਲੈਣ । ਹਜ਼ੂਰ ਅਨਵਰ ਨੇ ਇਹਨਾ ਪੱਖੋਂ ਵੀ ਦੁਆਵਾਂ ਵੱਲ ਵਿਸ਼ੇਸ਼ ਲਧਿਆਨ ਦੇਣ ਦੇ ਨਿਰਦੇਸ਼ ਦਿੱਤੇ । ਜਲਸਾ ਅਤੇ ਮਹਿਮਾਨਾ ਦੀ ਪ੍ਰਾਹੁਣਾਚਾਰੀ ਦੇ ਪੱਖੋਂ ਫ਼ਰਮਾਇਆ ਕਿ ਮੈਂ ਜਲਸੇ ਤੋਂ ਇਕ ਦਿਨ ਪਹਿਲਾਂ ਸਾਧਾਰਣ ਤੋਰ'ਤੇ ਮਹਿਮਾਨਾ ਅਤੇ ਡਿਊਟੀ ਦੇਣ ਵਾਲਿਆਂ ਨੂੰ ਧਿਆਨ ਦੁਆਉਂਦਾ ਹਾਂ । ਇਸ ਸਾਲ ਨਹੀਂ ਹੋ ਸਕਿਆ, ਇਸ ਲਈ ਅੱਜ ਕੁਝ ਕਹਾਂਗਾ ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਪ੍ਰਾਹੁਣਾਚਾਰੀ ਵਿੱਚ ਕੋਈ ਗਿਲਾ ਸ਼ਿਕਵਾ ਨਹੀਂ ਹੋਣਾ ਚਾਹੀਦਾ ਅਤੇ ਪ੍ਰਬੰਧਕਾਂ ਨੂੰ ਜਤਨ ਕਰਨਾ ਚਾਹੀਦਾ ਹੈ ਕਿ ਕੋਈ ਸ਼ਿਕਵਾ ਪੈਦਾ ਹੀ ਨ ਹੋਵੇ । ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ ਕਿ ਹਰ ਇਕ ਵਿਭਾਗ ਦੇ ਸੇਵਕ ਆਪਣੀਆਂ ਡਿਊਟੀਆਂ ਅਤੇ ਆਪਣੇ ਕੰਮ ਵਿੱਚ ਬਹੁਤ ਮਾਹਰ ਹੋ ਚੁੱਕੇ ਹਨ ਅਤੇ ਵੱਡੇ ਕੰਮ ਨੂੰ ਸੰਭਾਲਣ ਦੀ ਯੋਗਤਾ ਰਖੱਦੇ ਹਨ ਅਤੇ ਨਵੇਂ ਭਾਗ ਲੈਂਣ ਵਾਲਿਆਂ ਨੂੰ ਸਿਖਾ ਵੀ ਸਕਦੇ ਹਨ । ਇਸ ਲਈ ਇਸ ਪੱਖੋਂ ਚਿੰਤਾ ਨਹੀਂ ਕਿ ਕੰਮ ਨਹੀਂ ਆਉਂਦਾ । ਪਰ ਕਿਉਂਕਿ ਰੱਬ ਦਾ ਹੁਕਮ ਹੈ ਕਿ ਮੋਮਿਨ ਨੂੰ ਚੇਤੇ ਕਰਵਾਉਂਦੇ ਰਹਿਣਾ

ਚਾਹੀਦਾ ਹੈ ਕਿ ਇਹ ਉਸ ਲਈ ਲਾਹੇਵੰਦ ਹੈ ਅਤੇ ਫਿਰ ਜਿਵੇਂ ਕਿ ਮੈਂ ਕਿਹਾ ਕਿ ਜਲਸੇ ਦਾ ਪ੍ਰਬੰਧ ਵੀ ਸੀਮਤ ਹੈ ਇਸ ਲਈ ਕੁਝ ਕੰਮਾ ਵਿੱਚ ਲਾਪਰਵਾਹੀ ਦੇ ਸਬਬ ਕੁਝ ਕਮੀ ਵੀਰਹਿ ਸਕਦੀ ਹੈ । ਰੁੱਤ ਦੀ ਖ਼ਰਾਬੀ ਦੇ ਸਬਬ ਕੁਝ ਕੁਝ ਵਿਭਾਗਾਂ ਨੂੰ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ । ਮਹਿਮਾਨ ਘੱਟ ਹਨ ਜਾਂ ਜਲਸੇ'ਤੇ ਆਉਣ ਵਾਲੇ ਮਹਿਮਾਨ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਮਹਿਮਾਨ ਹਨ, ਉਹਨਾ ਦੀ ਸਾਨੂੰ ਪ੍ਰਾਹੁਣਾਚਾਰੀ ਕਰਨੀ ਹੈ ।

ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ ਕਿ ਪ੍ਰਾਹੁਣਾਚਾਰੀ ਇਕ ਅਜਿਹਾ ਆਦਰਸ਼ ਹੈ ਜੋ ਨਬੀਆਂ ਦਾ ਵਿਸ਼ੇਸ਼ ਗੁਣ ਹੈ । ਸੋ, ਧਾਰਮਕ ਜਮਾਤ ਹੋਣ ਦੇ ਪੱਖੋਂ ਸਾਡਾ ਇਹ ਫ਼ਰਜ਼ ਹੈ ਕਿ ਕਿ ਸਾਡੇ ਅੰਦਰ ਇਹ ਗੁਣ ਪ੍ਰਤੱਖ ਰੂਪ ਵਿੱਚ ਹੋਣ । ਆਂਹਜਰਤ ਸਲਲੱਾਹੁ ਅਲੈਹਿ ਵਸਲੱਮ ਦੇ ਜ਼ਮਾਨੇ ਵਿੱਚ ਵੀ ਜੱਦ ਬਹੁਤੇ ਮਹਿਮਾਨ ਆਉਂਣੇ ਸ਼ੁਰੂ ਹੋਏ ਤਾਂ ਆਪ ਸਲਲੱਾਹੁ ਅਲੈਹਿ ਵਸਲੱਮ ਸਹਾਬਾ ਵਿੱਚ ਮਹਿਮਾਨ ਵੰਡ ਦਿੰਦੇ ਅਤੇ ਸਹਾਬਾ ਵੀ ਖ਼ੁਸ਼ੀ ਨਾਲ ਮਹਿਮਾਨ ਨਾਲ ਲੈ ਜਾਂਦੇ ਅਤੇ ਜੱਦ ਮਹਿਮਾਨਾ ਤੋਂ ਸੇਵਾ ਦਾ ਹਾਲ ਪੁਛੱਦੇ ਤਾਂ ਹਰ ਇਕ ਦਾ ਇਹੋ ਉਤੱਰ ਹੁੰਦਾ ਸੀ ਕਿ ਅਸੀਂ ਅਜਿਹੇ ਮੇਜ਼ਬਾਨ ਨਹੀਂ ਦੇਖੇ ਜੋ ਪ੍ਰਾਹੁਣਾਚਾਰੀ ਦੇ ਹੱਕ ਪੂਰੇ ਕਰਦੇ ਹੋਣ । ਸੋ, ਇਹ ਚਰਿਤੱਰ ਸਾਡੇ ਸਾਹਮਣੇ ਹੈ ਅਤੇ ਇਸ ਜ਼ਮਾਨੇ ਵਿੱਚ ਜੱਦ ਅਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਨਲਾਮ ਨੂੰ ਮੰਨ੍ਹਿਆ ਹੈ, ਆਪ ਨੇ ਵੀ ਸਾਨੂੰ ਇਸੇ ਪੱਖੋਂ ਨਿਰਦੇਸ਼ ਦਿੱਤੇ ।

ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਇਕ ਕਥਨ ਦੇ ਹਵਾਲੇ ਰਾਹੀਂ ਫ਼ਰਮਾਇਆ ਕਿ ਜੇਕਰ ਮਹਿਮਾਨ ਕਰੜੇ ਸ਼ਬਦ ਵੀ ਵਰਤਨ ਤਾਂ ਵੀ ਨਰਾਜ਼ ਜਾਂ ਦੁਖੀ ਨਹੀਂ ਹੋਣਾ ਚਾਹੀਦਾ । ਜੇਕਰ ਮਹਿਮਾਨ ਅਹਮਦੀ ਵੀ ਹੋਵੇ ਤਾਂ ਵੀ ਸਖ਼ਤੀ ਦਾ ਉਤੱਰ ਸਖ਼ਤੀ ਨਾਲ ਨ ਦਿਓ । ਆਪਣੇ ਹੋਣ ਜਾਂ ਗ਼ੈਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਪ੍ਰਾਹੁਣਾਚਾਰੀ ਦੇ ਅਸਾਧਾਰਣ ਨਮੂਨੇ ਮਿਲਦੇ ਹਨ ਅਤੇ ਕਿਉਂ ਨ ਹੋਣ, ਇਸ ਜ਼ਮਾਨੇ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਹੀ ਉਹ ਆਲਾ ਤੇ ਉਤੱਮ ਆਚਰਣ ਦੇ ਨਮੂਨੇ ਕਾਇਮ ਕਰਨੇ ਸਨ, ਜਿਸ ਦੇ ਸਬਬ ਇਸਲਾਮ ਦੀ ਸੁੰਦਰ ਸਿੱਖਿਆ ਦਾ ਚਿਤੱਰ ਸਾਡੇ ਸਾਹਮਣੇ ਆਏ ਅਤੇ ਅਸੀਂ ਦੁਨੀਆ ਦੇ ਸਾਹਮਣੇ ਇਸ ਨੂੰ ਪੇਸ਼ ਕਰ ਸਕੇ ।

ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਹਜ਼ਰਤ ਮੁਫ਼ਤੀ ਮੁਹੱਮਦ ਸਾਦਕ ਸਾਹਬ ਰਜ਼ੀ ਅਲੱਾਹੁ ਅਨਹੁ ਦੇ ਨਾਲ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਮਹਿਮਾਨ ਨਵਾਜ਼ੀ ਦੀ ਇਕ ਘਟਨਾ ਵਰਨਣ ਕੀਤੀ ਜਿਸ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਆਪ ਆਪਣੇ ਹੱਥੀਂ ਇਕ ਟ੍ਰੇ ਵਿੱਚ ਆਪ ਲਈ ਖਾਣਾ ਲਿਆਏ । ਜਿਸ ਨਾਲ ਹਜ਼ਰਤ ਮੁਫ਼ਤੀ ਮੁਹਮੱਦ ਸਾਦਕ ਸਾਹਬ ਦੀਆਂ ਅਖੱਾਂ ਵਿੱਚ ਆਪ ਮੁਹਾਰੇ ਹੀ ਹੰਝੂ ਆ ਗਏ ਕਿ ਜੱਦ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਸਾਡੇ ਰਹਿਨੁਮਾ ਤੇ ਪੇਸ਼ਵਾ ਹੋਕੇ ਸਾਡੀ ਐਨ੍ਹੀ ਸੇਵਾ ਕਰੇਦ ਹਨ ਤਾਂ ਅਸੀਂ ਅਹਮਦੀਆਂ ਨੂੰ ਆਪਸ ਵਿੱਚ ਕਿੰਨ੍ਹੇ ਪ੍ਰੇਮ ਨਾਲ ਪੇਸ਼ ਆਉਂਣਾ ਚਾਹੀਦਾ ਹੈ ।

ਇਕ ਵਾਰ ਬਿਸਤਰਿਆਂ ਦੀ ਕਮੀ ਹੋ ਗਈ ਤਾਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਘਰ ਦੇ ਸਾਰੇ ਬਿਸਤਰ ਮਹਿਮਾਨਾ ਨੂੰ ਦੇ ਦਿੱਤੇ ਪਰ ਕਿਸੇ ਨੂੰ ਇਸ ਗੱਲ ਦਾ ਪਤਾ ਨਹੀਂ ਲਗੱਣ ਨਹੀਂ ਦਿਤੱਾ । ਕਈ ਵਾਰ ਲੋਕ ਕੁਰਬਾਨੀ ਕਰ ਦਿੰਦੇ ਹਨ ਪਰ ਜਤਾ ਵੀ ਦਿੰਦੇ ਹਨ । ਇਕ ਮੌਕੇ'ਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਮੈਨੂੰ ਹਮੇਸ਼ਾ ਇਹ ਵਿਚਾਰ ਰਹਿੰਦਾ ਹੈ ਕਿ ਕਿਸੇ ਮਹਿਮਾਨ ਨੂੰ ਕੋਈ ਕਸ਼ਟ ਨ ਹੋਵੇ । ਫ਼ਰਮਾਇਆ ਮਹਿਮਾਨ ਦਾ ਦਿਲ ਦਰਪਨ ਸਮਾਨ ਹੁੰਦਾ ਹੈ ਅਤੇ ਰਤਾ ਜਿਹੀ ਸੱਟ ਨਾਲ ਟੁੱਟ ਜਾਂਦਾ ਹੈ ।

ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ ਕਿ ਪਹਿਲਾਂ ਪਹਿਲਾਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਮਹਿਮਾਨਂ ਦੇ ਨਾਲ ਬਹਿ ਕੇ ਖਾਂਦੇ ਪਰੰਤੂ ਬਾਦ ਵਿੱਚ ਖਾਣੇ ਵਿੱਚ ਪਰਹੇਜ਼ ਅਤੇ ਮਹਿਮਾਨ ਦੀ ਗਿਣਤੀ ਬਹੁਤੀ ਹੋਣ ਕਰਕੇ ਇਹ ਕ੍ਰਮ ਜਾਰੀ ਨ ਰਹਿ ਸਕਿਆ । ਸੋ, ਇਕ ਵਾਰ ਲੰਗਰਖ਼ਾਨੇ ਦੇ ਇੰਚਾਰਜ ਸਾਹਬ ਨੂੰ ਨਸੀਹਤ ਕੀਤੀ ਕਿ ਸਾਰਿਆਂ ਨੂੰ ਸਤਿਕਾਰ ਯੋਗ ਸਮਝਦਿਆਂ ਹੋਇਆਂ ਉਹਨਾ ਦੀ ਸੇਵਾ ਕਰੋ । ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ ਕਿ ਸਾਰਿਆਂ ਨੂੰ ਮਹਿਮਾਨ ਸਮਝਕੇ ਬਰਾਬਰ ਸੇਵਾ ਕਰਨੀ ਚਾਹੀਦੀ ਹੈ । ਹਰ ਇਕ ਨਾਲ ਸਨਮਾਨ ਵਾਲਾ

ਵਰਤਾਉ ਰਖੱਣਾ ਚਾਹੀਦਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਹੋਰ ਫ਼ਰਮਾਇਆਂ ਕਿ ਤੁਸੀਂ ਮੇਰਾ ਵਿਸ਼ਵਾਸ਼ ਹੋ ਇਸ ਲਈ ਮਹਿਮਾਨਾ ਦੀ ਖ਼ੂਬ ਸੇਵਾ ਕਰੋ ।ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇਹੋ ਉਹ ਵਿਸ਼ਵਾਸ਼ ਹੈ ਜੋ ਅੱਜ ਵੀ ਕਾਇਮ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਮੈਂਨੂੰ ਪਤਾ ਹੈ ਕਿ ਕੁਝ ਵਿਭਾਗਾਂ ਸੇਵਕਾਂ ਨੂੰ ਕੁਝ ਔਕੁੜਾਂ ਦਾ ਸਾਹਮਣਾ ਕਰਨਾ ਪਏਗਾ । ਹਰ ਹਾਲ ਵਿੱਚ ਮਹਿਮਾਨਾ ਨਾਲ ਚੰਗੇ ਆਚਰਣ ਨਾਲ ਪੇਸ਼ ਆਉਣਾ ਹੈ ਅਤੇ ਆਪਣੇ'ਤੇ ਫ਼ਰਜ਼ ਕਰ ਲੈਂਣਾ ਹੈ ਕਿ ਆਪਣੇ ਚੰਗੇ ਆਚਰਣ ਧਿਖਾਉਂਣੇ ਹਨ । ਸ਼ਾਮਲ ਹੋਣ ਵਾਲਿਆਂ ਦੀ ਗਿਣਤੀ ਘੱਟ ਹੈ, ਪਰ ਫਿਰ ਵੀ ਕੁਝ ਸੇਵਕ ਜੱਦ ਕਿਸੇ ਮਹਿਮਾਨ ਨੂੰ ਕਿਸੇ ਗੱਲ ਵੱਲ ਧਿਆਨ ਦੁਆਉਂਣ ਤਾਂ ਹੋ ਸਕਦਾ ਹੈ ਕਿ ਮਹਿਮਾਨ ਬੁਰਾ ਮਨਾਉਂਣ । ਪਰ ਜੇਕਰ ਕੋਈ ਗੱਲ ਨਹੀਂ ਨਹੀਂ ਸੁਣਦਾ ਤਾਂ ਫਿਰ ਵੀ ਉਸਨੂੰ ਪਿਆਰ ਨਾਲ ਸਮਝਾਓ । ਬਹੁਤੇ ਮਹਿਮਾਨਾ ਨੂੰ ਵੀ ਪਤਾ ਹੈ ਕਿ ਇਹਨਾ ਪਾਬੰਦੀਆਂ'ਤੇ ਤੁਰਨਾ ਹੈ । ਜੇਕਰ ਸੇਵਕਾਂ ਦਾ ਇਹ ਰਵੱਯਾ ਵੀ ਠੀਕ ਨਹੀਂ ਤਾਂ ਬਹੁਤ ਅਕੁੜ ਪੈਦਾ ਹੋ ਸਕਦੀ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਇਕ ਮੋਮਿਨ ਦੀ ਇਹ ਨਿਸ਼ਾਨੀ ਦੱਸੀ ਹੈ ਕਿ ਉਹ ਮਹਿਮਾਨ ਦਾ ਸਤਿਕਾਰ ਕਰਦਾ ਹੈ । ਇਹ ਮੋਮਿਨਾ ਵਾਲੀ ਵਿਸ਼ੇਸ਼ਤਾ ਹਰ ਇਕ ਵਿੱਚ ਪੈਦਾ ਹੋਣੀ ਚਾਹੀਦੀ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇਸ ਗੱਲ ਨੂੰ ਵੀ ਮਹਿਮਾਨ ਚੇਤੇ ਰਖੱਣ ਕਿ ਇਸਲਾਮ ਨੇ ਜਿੱਥੇ ਮੇਜ਼ਬਾਨ ਨੂੰ ਧਿਆਨ ਦੁਆਇਆ ਹੈ ਉੱਥੇ ਮਹਿਮਾਨ ਨੂੰ ਵੀ ਉਹਨਾਂ ਦੀਆਂ ਜ਼ਿੱਮੇਦਾਰੀਆਂ ਵੱਲ ਧਿਆਨ ਦੁਆਇਆ ਹੈ । ਮੇਜ਼ਬਾਨ ਦੀਆਂ ਮਜਬੂਰੀਆਂ ਦਾ ਧਿਆਨ ਰਖੱਣ । ਮੇਜ਼ਬਾਨ ਨੂੰ ਕਿਹਾ ਕਿ ਮਹਿਮਾਨ ਨਾਲ ਚੰਗਾ ਸੁਲੂਕ ਕਰੋ । ਮਹਿਮਾਨ ਨੂੰ ਕਿਹਾ ਕਿ ਜੇਕਰ ਮੇਜ਼ਬਾਨ ਨ ਆਉਂਣ ਦੇਵੇ ਤਾਂ ਨਹੀਂ ਆਉਂਣਾ ਚਾਹੀਦਾ । ਅਲੱਾਹ ਤਆਲਾ ਨੇ ਕੁਰਆਨ ਕਰੀਮ ਵਿੱਚ ਫ਼ਰਮਾਇਆ ਹੈ ਕਿ ਜੇਕਰ ਤੁਹਾਨੂੰ ਕਿਹਾ ਜਾਏ ਕਿ ਵਾਪਸ ਚਲੇ ਜਾਓ ਤਾਂ ਵਾਪਸ ਚਲੇ ਜਾਓ ਇਹ ਗੱਲ ਤੁਹਾਡੇ ਲਈ ਬਹੁਤੀ ਪਵਿੱਤਰਤਾ ਦਾ ਸਬਬ ਹੈ ।

ਹਜੂਰ ਅਨਵਰ ਨੇ ਫ਼ਰਮਾਇਆ ਕਿ ਜਲਸੇ ਵਿੱਚ ਸ਼ਾਮਲ ਹੋਣ ਦਾ ਇਕ ਉਦੇਸ਼ ਆਪਣੇ ਆਪ ਨੂੰ ਪਾਕ ਕਰਨਾ ਹੈ । ਸੋ, ਕਈ ਲੋਕ ਜਿੰਨ੍ਹਾ ਨੇ ਮੈਂਨੂੰ ਵੀ ਲਿੱਖਿਆ ਹੈ ਉਹਨਾ ਨੂੰ ਨਿਜ਼ਾਮ (ਵਿਵਸਥਾ) ਦੀ ਪਾਬੰਦੀ ਕਰਨੀ ਚਾਹੀਦੀ ਹੈ ਅਤੇ ਬੁਰਾ ਨਹੀਂ ਮਨਾਉਣਾ ਚਾਹੀਦਾ ਅਤੇ ਸ਼ਿਕਵਾ ਵੀ ਨਹੀਂ ਕਰਨਾ ਚਾਹੀਦਾ । ਅਜਿਹੇ ਹਾਲਾਤਾਂ ਲਈ ਦੁਆ ਕਰਨ ਅਤੇ ਅਜਿਹੇ ਹਾਲਾਤਾਂ ਵਿੱਚ ਬਹੁਤਾ ਤੜਪਕੇ ਦੁਆ ਹੁੰਦੀ ਹੈ ।

ਹਜ਼ੂਰ ਅਨਵਰ ਨੇ ਫ਼ਰਮਾਰਇਆ ਕਿ ਕੁਰਆਨ ਕਰੀਮ'ਤੇ ਅਮਲ ਕਰਨ ਦੇ ਹਵਾਲੇ ਨਾਲ ਸਹਾਬਾ ਦਾ ਵੀ ਅਜੀਬ ਤਰੀਕਾ ਹੈ, ਇਕ ਸਹਾਬੀ ਦਾ ਜ਼ਿਕਰ ਕਰਦਿਆਂ ਹੋਇਆ ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇਕ ਸਹਾਬੀ ਦੂਜੇ ਸਹਾਬੀ ਕੋਲ ਜਾਂਦੇ ਅਤੇ ਕਹਿੰਦੇ ਕਿ ਮੈਂ ਇਸ ਕੁਰਆਨੀ ਆਦੇਸ਼ ਲਈ ਵਾਰ ਵਾਰ ਜਾਂਦਾ ਹਾਂ ਕਿ ਮੇਜ਼ਬਾਨ ਘਰ ਵਿੱਚ ਦਾਖ਼ਲ ਹੋਣ ਤੋਂ ਇਨਕਾਰ ਕਰੇ ਅਤੇ ਮੈਂ ਇਸ ਕੁਰਆਨੀ ਆਦੇਸ਼'ਤੇ ਅਮਲ ਕਰਾਂ ਕਿ ਘਰ ਵਿੱਚ ਦਾਖ਼ਲ ਨਹਂ ਹੋਣਾ । ਅਤੇ ਦੂਜੇ ਸਹਾਬੀ ਕੁਰਆਨ ਕਰੀਮ ਦੇ ਹੁਕੁਮ'ਤੇ ਅਮਲ ਕਰਦਿਆਂ ਹੋਇਆਂ ਉਹਨਾਂ ਨੂੰ ਦਾਖ਼ਲ ਹੋਣ ਦਿੰਦੇ । ਦੋਵੇਂ ਰੱਬ ਦੀ ਰਜ਼ਾ ਲਈ ਕੁਰਆਨ ਕਰੀਮ'ਤੇ ਅਮਲ ਕਰਦੇ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਕੁਰਆਨ ਕਰੀਮ ਦੀ ਸਿੱਖਿਆ'ਤੇ ਅਮਲ ਕਰਨ ਵੱਲ ਧਿਆਨ ਦੁਆਇਆ ਅਤੇ ਆਪਣੇ ਨਮੂਨੇ ਇਸ'ਤੇ ਅਮਲ ਕਰਕੇ ਦਿਖਾਏ । ਇਸ ਲਈ ਬਿਨਾ ਕਿਸੇ ਸ਼ਿਕਵੇ ਦੇ ਜੋ ਸ਼ਾਮਲ ਨਹੀਂ ਹੋ ਸਕਦੇ ਉਹਨਾਂ ਨੂੰ ਸ਼ਾਮਲ ਨਹੀਂ ਹੋਣ ਦਾ ਜਤਨ ਕਰਨਾ ਚਾਹੀਦਾ ਹੈ ।

ਹਜ਼ੂਰ ਅਨਵਰਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ ਕਿ ਜਿੰਨ੍ਹਾ ਨੂੰ ਸਦੱਾ ਪਤੱਰ ਤੇ ਆਗਿਆ ਮਿਲੀ ਹੈ ਉਹ ਜ਼ਰੂਰ ਜਲਸੇ ਵਿੱਚ ਸ਼ਾਮਲ ਹੋਣ । ਵਰਨਾ ਉਹਨਾਂ ਲੋਕਾਂ ਦਾ ਹੱਕ ਮਾਰਿਆਂ ਜਾਵੇਗਾ ਜਿੰਨ੍ਹਾ ਨੂੰ ਅਗਿਆ ਨਹੀਂ ਮਿਲੀ । ਰੁੱਤ ਦੀ ਖ਼ਰਾਬੀ ਨੂੰ ਉਜ਼ਰ ਨ ਬਨਾਉਂਣ ।

ਰਬਵਾ ਤੇ ਕਾਦੀਆਂ ਦੇ ਜਲਸਿਆਂ ਦੇ ਪੱਖੋਂ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ ਕਿ ਉੱਥੇ ਖੁੱਲੇ ਅਕਾਸ਼ ਹੇਠ ਵਰਖਾ ਵਿੱਚ ਵੀ ਜਲਸੇ ਹੁੰਦੇ ਸਨ । ਇਸਲਾਮਾਬਾਦ ਯੂਕੇ ਵਿੱਚ ਵੀ ਅਰੰਭਕ ਜਲਸਿਆਂ ਵਿੱਚ ਜਲਸੇ ਦੇ ਪੰਡਾਲਾਂ ਵਿੱਚ ਪਾਣੀ ਆ ਜਾਂਦਾ ਸੀ । ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲ ਨੇ ਆਪਣੀ ਉਧਾਰਣ ਦਿੱਤੀ ਕਿ ਇਸਲਾਮਾਬਾਦ ਦੇ ਅਰੰਭਕ ਜਲਸਿਆਂ ਵਿੱਚ ਸਜੱਦਾ ਕਰਦੇ ਸਮੇਂ ਮੱਥੇ ਤੇ ਗੋਡਿਆਂ'ਤੇ ਚਿਕੱੜ ਲੱਗ ਜਾਂਦਾ ਸੀ ਪਰ ਇਕ ਜਜ਼ਬੇ ਤੇ ਭਾਵਨਾ ਨਾਲ ਲੋਕ ਜਲਸੇ ਵਿੱਚ ਸ਼ਾਮਲ ਹੁੰਦੇ । ਇਸ ਲਈ ਦੁਬਾਰਾ ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਜਿੰਨ੍ਹਾ ਲੋਕਾਂ ਨੂੰ ਆਗਿਆ ਪਤੱਰ ਮਿਲੇ ਹਨ ਉਹ ਜ਼ਰੂਰ ਆਉਂਣ ।

ਕੁਝ ਪ੍ਰਬੰਧਕੀ ਗਲੱਾਂ ਵੱਲ ਵੀ ਹਜ਼ੂਰ ਅਨਵਰ ਨੇ ਧਿਆਨ ਦੁਆਇਆ ਕਿ ਸਮਾਜਕ ਦੂਰੀ ਦਾ ਧਿਆਨ ਰੱਖਿਆ ਜਾਵੇ । ਖਾਣਾ ਲੈਂਦੇ ਸਮੇਂ ਮਾਸਕ ਪਾਕੇ ਰਖੱਣ । ਡਿਊਟੀ ਵਾਲੇ ਇਸ ਗੱਲ ਨੂੰ ਯਕੀਨੀ ਬਨਾਉਂਣ ਕਿ ਉਹ ਮਾਸਕ ਪਾਉਂਣ। ਜੇਕਰ ਪ੍ਰਬੰਧਕੀ ਹੇਠ ਨਾਰੇ ਲਗੱਣ ਤਾ ਮਾਸਕ ਪਹਿਨਕੇ ਇਸ ਦਾ ਉਤੱਰ ਦੇਣ । ਨੱਕ ਤੇ ਮੂੰਹ ਦੋਹਾਂ ਨੂੰ ਢਮੱਣਾ ਜ਼ਰੂਰੀ ਹੈ । ਸਿਕਓਰਟੀ ਦੇ ਪੱਖੋਂ ਰਿਲੈਕਸ (Relax) ਨ ਹੋ ਜਾਣ । ਸਾਰਿਆਂ ਨੂੰ ਪੂਰੇ ਤੋਰ'ਤੇ ਸਤਰਕ ਹੋਣਾ ਚਾਹੀਦਾ ਹੈ । ਭਾਵ ਫ਼ਰਮਾਇਆ ਜੋ ਲੋਕ ਇਕ ਲੰਮੇ ਸਮੇਂ ਮਗਰੋਂ ਮਿਲ ਰਹੇ ਹਨ, ਉਹਨਾਂ ਨੂੰ ਦੇਰ ਬਾਦ ਮਿਲਣਾ ਜਲਸੇ ਦੇ ਪ੍ਰੋਗਰਾਮ ਸੁਣਨ ਜਾਂ ਦੁਆਵਾਂ ਕਰਨ ਤੋਂ ਵਾਞਿਆਂ ਨ ਕਰ ਦੇਵੇ ।

ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਦਾ ਬਿਆਨ ਕੀਤਾ ਇਕ ਨੁਕਤਾ ਬਿਆਨ ਕੀਤਾ ਕਿ ਅਲੱਾਹ ਤਆਲਾ ਨੇ ਜਲਸੇ ਦੇ ਦਿਨਾ ਵਿੱਚ ਜ਼ਿਕਰੇ ਇਲਾਹੀ (ਇਲਾਹੀ ਸਿਮਰਣ) ਕਰਨ ਦਾ ਇਕ ਇਹ ਲਾਭ ਦੱਸਿਆ ਕਿ ਰੱਬ ਜ਼ਿਕਰੇ ਇਲਾਹੀ ਕਰਨ ਨਾਲ ਰੱਬ ਬੰਦੇ ਦਾ ਜ਼ਿਕਰ ਕਰਦਾ ਹੈ ਅਤੇ ਉਸ ਨਾਲ ਬਹੁਤਾ ਖ਼ੁਸ਼ਕਿਸਮਤ ਕੌਣ ਹੋ ਸਕਦਾ ਹੈ ਜਿਸਦਾ ਜ਼ਿਕਰ ਰੱਬ ਕਰੇ ।

ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ ਕਿ ਸਾਰੇ ਅਹਮਦੀ ਜੋ ਆਪਣੇ ਦੇਸ਼ਾਂ ਵਿੱਚ ਜਾਂ ਘਰਾਂ ਵਿੱਚ ਜਲਸਾ ਸਾਲਾਨਾ ਸੁਣ ਰਹੇ ਹਨ ਉਹ ਵੀ ਜ਼ਿਕਰੇ ਇਲਾਹੀ ਕਰਨ । ਜਲਸੇ ਦੇ ਵਾਤਾਵਰਣ ਤੋਂ ਭਰਪੂਰ ਲਾਭ ਚੁਕੱਣ । ਜਲਸੇ ਦੀ ਕਾਰਵਾਈ ਪੂਰੇ ਧਿਆਨ ਤੇ ਤਵੱਜੁਹ ਨਾਲ ਸੁਣਨੀ ਚਾਹੀਦੀ ਹੈ । ਰੱਬ ਕਰੇ ਕਿ ਸਾਡੇ ਵਿੱਚੋਂ ਹਰ ਇਕ ਆਪਣੇ ਅੰਦਰ ਚੰਗੇ ਆਚਰਣ ਪੈਦਾ ਕਰਨ ਵਾਲਾ ਹੋਵੇ ।

اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ اَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ وَنَشْهَدُ أَنْ لَّا اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ. عِبَادَ اللّٰهِ رحمکم اللّٰه اِنَّ اللّٰهَ يَأْمُرُ بِالْعَدْلِ وَالْاِحْسَانِ وَاِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ.

**Khulasa Khutba Jumma 06.08.2021**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131